ਅਜਿਤੇ ਰੰਧਾਵੇ ਦੀ ਸਾਖੀ

ਬੁਰੀ ਕਰਨਗੇ ਅਤੇ ਜੋ ਕੋਈ ਨਿੰਦਕ ਗੁਰੂ ਕੀ ਸੰਗਤ ਕੀ ਨਿੰਦਿਆ ਕਰੇਗਾ ਸੋ ਨਰਕ ਗਾਮੀ ਹੋਵੇਗਾ ਜੇ ਸਉ ਪਾਪ ਇਕ ਸਿੱਖ ਕੀਤਾ ਹੋਵੇਗਾ ਅਤੇ ਦੂਸਰਾ ਸਿੱਖ ਉਸਕੀ ਨਿੰਦਿਆ ਕਰੇ ਤੋ ਤਿਨ੍ਹਾਂ ਦੀ ਸਭ ਬਲਾਇ ਉਸਦੇ ਸਿਰ ਪਵੇਗੀ ਅਤੇ ਉਸ ਸਿੱਖ ਕਉ ਕੁੰਭੀ ਨਰਕ ਪਾਵਨਗੇ ਅਤੇ ਜੋ ਗੁਰੂ ਕੇ ਬਚਨਾਂ ਉੱਪਰ ਚੱਲੇਗਾ ਉਸਨੂੰ ਸੂਲੀ ਦਾ ਕੰਡਾ ਹੋ ਜਾਵੇਗਾ ਅਤੇ ਜੋ ਕੋਈ ਸਿੱਖ ਹੋਕੇ ਬਿਸਿਦਕ ਹੋਵੇਗਾ ਤਾਂ ਓਹ ਭੀ ਨਰਕਗਾਮੀ ਹੋਵੇਗਾ ਅਤੇ ਜੋ ਕੋਈ ਸਿੱਖ ਭੁੱਲਾ ਹੋਯਾ ਫੇਰ ਸ਼ਰਨੀ ਪਵੇ ਤਾਂ ਫੇਰ ਉਸਨੂੰ ਗੁਰੂ ਬਖ਼ਸ਼ੇਗਾ ਪਰ ਨਿੰਦਿਆ ਸਿੱਖ ਦੀ ਸਿੱਖ ਨੂੰ ਕਰਨੀ ਬਹੁਤ ਬੁਰੀ ਹੈ ਏਹ ਸਾਧ ਬਚਨ ਫਿਰਤੇ ਨਹੀਂ ਤਾਂ ਫਿਰ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਿਸ਼ਾਹ ਜੀ ਇਨਾਂ ਜੀਆਂ ਦੇ ਕੀ ਵੱਸ ਹੈ ਜਿਉਂ ਤੇਰਾ ਭਾਣਾ ਹੈ ਤਿਵੇਂ ਹੋਵੇਗਾ ਭਾਈ ਜਦੋਂ ਦਸਵਾਂ ਜਾਮਾ ਹੋਵੇਗਾ ਤਾਂ ਨਉਂ ਮਹੀਨੇ ਰੌਲਾ ਰਹੇਗਾ ॥ ਤਾਂ ਫੇਰ ਅਜਿੱਤੇ ਰੰਧਾਵੇ ਅਰਦਾਸ ਕੀਤੀ ਹੇ ਸੱਚੇ ਪਾਤਸ਼ਾਹ ਜੀ ਫੇਰ ਸਿੱਖ ਕਿਸ ਦੀ ਪੈਰੀਂ ਪਉਣਗੇ ਤੇ ਕਿਉਂ ਕਰ ਵਰਤਾਰਾ ਵਰਤੇਗਾ ਫੇਰ ਗੁਰੂ ਆਪਣੇ ਘਰ ਜਾਮਾ ਲਹਿਣਗੇ ਕਿ ਹੋਰ ਕਿਤੇ ਵਰਤਣਗੇ ਤਾਂ ਬਚਨ ਹੋਯਾ ਭਾਈ ਅਜਿੱਤਿਆ ਜਿੱਥੇ ਸ਼ਬਦ ਮਿਹਰਵਾਨ ਹੋਂਦਾ ਹੈ ਤਿੱਥੇ ਹੀ ਬਖ਼ਸ਼ੇਗਾ ਕਿਆ ਘਰ ਕਿਆ ਬਾਹਰ ਏਹ ਆਦਿ ਜੁਗਾਦੀ ਗੁਰੂ ਕੇ ਵੇਲੇ ਕੀ ਹੈ ਤੇ ਬੱਚਾ ਅਜਿੱਤਿਆ ਤੈਂ ਜੋ ਪੁੱਛਿਆ ਹੈ ਕਿ ਕਿਉਂ ਕਰ ਵਰਤਾਰਾ ਵਰਤੇਗਾ ਸੋ ਭਾਈ ਜਦ ਦਸਵਾਂ ਜਾਮਾ ਹੋਵੇਗਾ ਤੇ ਯਾਰਵਾਂ ਗੁਪਤ ਵਰਤੇਗਾ ਤਿਸਤੇ ਪਿੱਛੇ ਆਪੋ ਆਪਣੀ ਹੋਇ ਕਰ ਵਰਤੇਗੀ ਅਤੇ ਕੋਈ ਕਿਸੇ ਕਉ ਬਦੇਗਾ ਨਾਹੀਂ ਤੇ ਸਿੱਖੀ ਐਸੀ ਚਲੈਗੀ ਜੋ ਮਨ ਭਾਂਵਦੀ ਕਰਨਗੇ ਅਤੇ ਕੋਈ ਹੀ ਪੰਥ ਗੁਰੂ ਕੇ ਘਰ ਵਿਚੋਂ ਨਿਕਲਨਗੇ ਐਸੀ ਕਲਾ ਵਰਤੇਗੀ ਕਿ ਜੈਸੇ ਇਕ ਬਾਪ ਦੇ ਬੇਟੇ ਹੋਵਨਗੇ ਕੋਈ ਕਿਸੇ ਨਾਲ ਵਰਤੇਗਾ ਕੋਈ ਕਿਸੇ ਨਾਲ ਵਰਤੇਗਾ ॥

ਸ਼ਲੋਕ

ਗੁਰ ਚੇਲੇ ਰਹਿਰਾਸਿ ਹੈ ਅੰਤਰਿ ਵੇਖੈ ਟੋਹਿ ॥
ਸੁਆਂਗੀ ਹਰਿ ਪ੍ਰਭੁ ਹੋਇਆ ਨਹੀਂ ਮਿਲਾਵਾ ਤੋਹਿ ॥੪੬॥

ਤਿਸ ਕਾ ਪਰਮਾਰਥ ॥ ਭਾਈ ਅਜਿੱਤਿਆ ਬਾਹਰਵਾਂ ਜਾਮਾ ਜਦ ਗੁਰੂ ਹੋਵੇਗਾ ਨਿਰਲੰਭ ਸਭ ਤੇ ਨਿਆਰਾ ਨਿਰਲੇਪ ਸਭ ਦੁਨੀਆਂ ਤੇ ਨਿਆਰਾ ਰਹੇਗਾ ਅਤੇ ਆਪ ਕੋ ਜਣਾਵੇਗਾ ਨਾਹੀਂ ਔਰ ਨਿਰਮੋਹ ਹੋਵੇਗਾ ਅਤੇ ਆਸਰਾ ਜੋ ਲਏਗਾ ਸੋ ਇਕ ਅਕਾਲ ਪੁਰਖ ਜੀ ਕਾ ਲਏਗਾ ਤੇ ਤਿਸ ਕੋ ਕੋਈ ਲਖ ਨਾ ਸਕੇਗਾ ਸੂਲੀ ਸ਼ਬਦ ਉਚਰੇਗਾ ਔਰ ਸ਼ਬਦ ਕਮਾਏਗਾ ਅਰ ਜੋ ਸਿੱਖ ਹੋਵਨਗੇ ਤਿਨ ਕੋ ਭੀ ਸ਼ਬਦ ਹੀ ਦਸੇਗਾ ਅਰ ਤਿਸ ਕੇ ਆਸਰੇ ਮਾਰਗ ਚੱਲੇਗਾ ਇਸ ਕਰਕੇ ਜਗਤ ਵਿਚੋਂ ਜੈਕਾਰ ਹੋਵੇਗਾ ਅਉ ਉਸਤਤ ਹੋਵੇਗੀ ਅਰ ਜਹਾਂ ਤਕ ਕੋਈ ਸਿੱਖ ਤੁੱਟਾ ਭੱਜਾ ਹੋਵੇਗਾ ਸੋ ਸਭ ਉਸਕੀ ਪੈਰੀਂ ਆਨ ਪੈਣਗੇ ਸੋਲਵੇਂ ਸਿਰੇ ਤੇ ਸਿੱਖ ਹੋਵਨਗੇ ਅਤੇ ਉਨਾਂ ਕੋ ਬਖ਼ਸ਼ ਕਰ ਗੁਰੂ ਬੈਹਿਥਾਂ

ਗਾ ਅਤੇ ਜੋ ਸਿੱਖ ਹੋਵੇਗਾ ਸੋ ਉਸ ਜਹਾਜ਼ ਉਪਰ ਚੜ੍ਹਕੇ ਪਾਰ ਹੋਵੇਗਾ ਭਾਈ ਅਜਿੱਤਿਆ ਜੋਈ ਸਤ ਗੁਰੂ ਕੋ ਮਨੇਗਾ ਸੱਭ ਗੱਲਾ ਗੁਰੂ ਦੀਆਂ ਕਬੂਲ ਕਰੇਗਾ ਤਾਂ ਸਤਿਗੁਰਾਂ ਦੇ ਸ਼ਬਦ ਨਾਲ ਭਿੱਜੇਗਾ ਅਤੇ ਜਿਨਾਂ ਪਾਸੋਂ ਰਹਿਤਾਂ ਤੇ ਓਹ ਕਰਮ ਨਾ ਹੋਵਨਗੇ ਅਤੇ ਸੰਸਾਰ ਦੀ ਲਾਜ ਵਿੱਚ ਮਰਨਗੇ ਤਾਂ ਭਾਈ ਉਨਾਂ ਕਉ ਗੁਰੂ ਕਦੀ ਨਾਂ ਮਿਲੇਗਾ ਪਰ ਜੋ ਸ੍ਰੀ ਗੁਰੂ ਜੀ ਦੇ ਵਚਨਾਂ ਤੋਂ ਬੇਮੁਖ ਹੋਵਣਗੇ ਸੋ ਗੁਰੂ ਨਾ ਮੂੰਹ ਲਾਵੇਗਾ ਅਤੇ ਗੁਰੂ ਜੀ ਕੇ ਏਹ ਵਚਨ ਹੈਨ ਜੋਰ ਜ਼ੁਲਮ ਚੋਰੀ ਯਾਰੀ ਪਰ ਨਿੰਦਿਆ ਜੋ ਮੇਰਾ ਸਿੱਖ ਹੋਵੇ ਸੋ ਏਹ ਬਾਤਾਂ ਨਾ ਕਰੇ ਤੇ ਜੀ ਗੁਰੂ ਜਾਮਾ ਬਦਲੇਗਾ ਤਾਂ ਸਭ ਸਿੱਖ ਓਹੀ ਕਰਮ ਕਰਨਦੇ ਜਿਸ ਕਰਕੇ ਫਿਰ ਨਰਕਗਾਮੀ ਹੋਵਨਗੇ ਤੇ ਗੁਰੂ ਕੇ ਸ਼ਬਦ ਦਾ ਰੰਗ ਨਾ ਚੜ੍ਹੇਗਾ ਓਹ ਕੋਰੇ ਹੀ ਰਹਿਨਗੇ ਸੋ ਕਲੀ ਕਾਲ ਵਿੱਚ ਡੁੱਬਣਗੇ ਭਾਈ ਅਜਿੱਤਿਆ ਬਾਹਰਵਾਂ ਜਾਮਾ ਵੀ ਕਰੜਾ ਰਾਹ ਦੱਸੇਗਾ ਤਾਂ ਫੇਰ ਅਜਿੱਤੇ ਰੰਧਾਵੇ ਅਰਦਾਸ ਕੀਤੀ ਹੇ ਸੱਚੇ ਪਾਤਸ਼ਾਹ ਪਿਛਲਾ ਕਮਾਇਆ ਏਵੇਂ ਹੀ ਬਰਬਾਦ ਜਾਇਗਾ ਜੋ ਤੇਰਾ ਨਾਮ ਜਪਦੇ ਰਹੇ ਸਾਨ ਓਹ ਭੀ ਕੁਛ ਹੱਥ ਲਗੇਗਾ ਕਿ ਨਾਹੀਂ ਤਾਂ ਬਚਨ ਹੋਯਾ ਬਚਾ ਸ਼ਬਦ ਜੋ ਗੁਰੂ ਕਹਿਆ ਹੈ ਸੋ ਉਸ ਵਿਚ ਵੀ ਚੋਰੀ ਯਾਰੀ ਪਰ ਨਿੰਦਿਆ ਜੋ ਹੈ ਸੋ ਸਭ ਮਨਹ ਕੀਤੇ ਹੈਨ ਜੋ ਐਸੇ ਸਿੱਖ ਹੋਵਨਗੇ ਪੜ੍ਹਨਗੇ ਗਾਵਨਗੇ ਤੇ ਕਮਾਇ ਨ ਸਕਨਗੇ ਅਤੇ ਦਸਵੇ ਗੁਰੂ ਨੂੰ ਮਨ ਵਿੱਚ ਯਾਦ ਕਰਨਗੇ ਤੇ ਆਖਨਗੇ ਗੁਰ ਏਵੇਂ ਹੀ ਆਖਦੀ ਹੈ ਅਤੇ ਸਿੱਖ ਆਪਸ ਵਿੱਚ ਆਖਨਗੇ ਸਿੱਖ ਕੋਈ ਨਹੀਂ ਰਿਹਾ ਭਾਈ ਕਲੀ ਕਾਲ ਵਿੱਚ ਦਸਵਾਂ ਗੁਰੂ ਭਾਰੀ ਅਵਤਾਰ ਹੋਵੇਗਾ ਅਤੇ ਮੁਖ ਵਾਕ ਕਰਕੇ ਸਭਸੈ ਕਉ ਭੁਲਾਇ ਦੇਵੇਗਾ ਅਤੇ ਗੁਰੂ ਨਾਲੋ ਭੱਜਨਗੇ ਤਾਂ ਨਿੰਦਿਆ ਕਰਨਗੇ ਸੋ ਨਿੰਦਿਆ ਮਨਹਿ ਹੈ ਫੇਰ ਓਨਾਂ ਲੋਕਾਂ ਕੋ ਚਉਰਾਸੀ ਵਿੱਚ ਘੱਤੀਏਗਾ ॥

ਸ਼ਲੋਕ

ਮਾਸ ਕੀੜਾ ਲੱਗਾ ਬੁਰਿਆਰ ॥ ਭਉਕੇ ਫੱਕੜ ਹੋਇ ਖੁਆਰ ॥
ਸਭ ਕਲ ਡੁਬੇ ਨਿੰਦ ਗੁਬਾਰ॥ ਨਾਨਕ ਦਸਵਾਂ ਰੂਪ ਅਪਾਰ॥੪੭ ॥

ਤਿਸਕਾ ਪਰਮਾਰਥ ॥ ਭਾਈ ਅਜਿਤਿਆ ਮਾਸ ਜੋ ਹੈ ਸੋ ਮਾਯਾ ਔਰ ਮਾ ਕੀੜਾ ਸੰਸਾਰ ਹੈ ਸੋ ਸੰਸਾਰ ਐਸਾ ਬੁਰਾ ਹੋਇ ਕਰ ਲਗੇਗਾ ਮਾਯਾ ਕੋ ਜੈਸੇ ਮਾਸ ਕਉ ਕੀੜਾ ਲਗਤਾ ਹੈ ਤਿਉਂ ਕਲੂ ਕੇ ਲੋਕ ਮਾਯਾ ਕਉ ਲਗਨਗੇ ਪਰਮੇਸ਼ਰ ਕੇ ਜਪ ਤਪ ਭੁਲ ਜਾਵਨਗੇ ਭਾਈ ਅਜਿੱਤਿਆ ਸ਼ਬਦ ਪੜ੍ਹਨਗੇ ਅਤੇ ਕਮਾਇ ਨਾ ਸੱਕਨਗੇ ਤਾਂ ਉਲਟ ਕੈ ਮਸਾਣ ਜਿਉਂ ਸੰਸਾਰ ਕੌ ਜਲਾਇ ਮਾਰੇਗਾ ਗ੍ਰਸ ਲਏਗਾ ਏਹ ਕਲ ਜੁਗ ਲੋਗ ਅਵੇਹੇ ਨਿੰਦਿਆ ਕਰਨਗੇ ਆਪੋ ਆਪਨੇ ਮਤ ਚਲਾਉਨਗੇ ਤਿਤ ਸਮੇ ਗੁਰੂ ਨਜ਼ਰ ਆਵੇਗਾ ਪਾਪ ਬਹੁਤ ਹੋਵੇਗਾ ਇਸ ਰਉਂਸ ਕਲਜੁਗ ਸੰਸਾਰ ਕੋ ਡੋਬੇਗਾ ਜਿਉਂ ਦੁਰਾਚਾਰੀ ਇਸਤ੍ਰੀ ਹੋਤੀ ਹੈ ਖ਼ਸਮ ਉਸ ਕਉ ਤਿਆਗ ਦੇਤਾ ਹੈ ਔਰ ਦਰ ਦਰ ਖ਼ੁਆਰ ਹੋਤੀ ਫਿਰਤੀ

ਹੈ ਭਉਂਕਤੀ ਹੈ ਅਤੇ ਆਪਕੋ ਹੰਸਾਵੰਤੀ ਹੈ ਉਸ ਇਸਤ੍ਰੀ ਕੀ ਨਿਆਈਂ ਕਲ ਕੇ ਲੋਕਾਂ ਗੁਰੂ ਤਿਆਗ ਦੇਵੇਗਾ ਤਾਂ ਏਹ ਭੀ ਦਰ ਦਰ ਖ਼ੁਆਰ ਹੋਵਨਗੇ ਪਰ ਬੀਜ ਮਾਤ੍ਰ ਕੋਈ ਕੋ ਮੱਧੇ ਸਿੱਖ ਰਹਿ ਜਾਵੇਗਾ ਸੋ ਆਖਨਗੇ ਜੋ ਸਤ ਗੁਰੂ ਹੈ ਅਤੇ ਭਾਣਕਾ ਖ਼ਾਵੰਦ ਹੈ ਆਪਣੇ ਚੇ ਕੀਤੇ ਹੈਸ ਓਹ ਕਿਸੇਕੀ ਨਿੰਦਾ ਨ ਕਰਨਗੇ ਤਾਂ ਅਜਿੱਤੇ ਰੰਧਾਵੇ ਅਰਦਾਸ ਕੀਤੀ ਹੇ ਸੱਚੇ ਪਾਤਸ਼ਾਹ ਜੋ ਸਿੱਖ ਤੇਰੇ ਪਾਸੋਂ ਤੁਟਨਗੇ ਓਹ ਫੇਰ ਬੀ ਕਿਤੇ ਬਖ਼ਸ਼ੇ ਜਾਵਨਗੇ ਕਿ ਨਾਹੀ ਬਖ਼ਸ਼ੇ ਜਾਨਗੇ ਤਾਂ ਬਚਨ ਹੋਯਾ॥ ਭਾਈ ਅਜਿੱਤਿਆ ਓਹ ਨਵੇਂ ਸਿਰੇ ਫੇਰ ਗੁਰੂ ਨੂੰ ਮਿਲਨਗੇ ਬਖ਼ਸ਼ਾਵਨਗੇ ਤਾਂ ਗੁਰੂ ਨਵੇਂ ਸਿਰ ਤੇ ਸ਼ਬਦ ਦੱਸੇਗਾ ਤਾਂ ਫੇਰ ਸਿਦਕ ਰਖਨਗੇ ਤਾਂ ਬਖ਼ਸ਼ੇ ਜਾਨਗੇ ॥

ਸ਼ਲੋਕ

ਜੁਗਾ ਜੁਗੰਤਰ ਸਤਗੁਰੂ ਦੂਸਰ ਹੂਆ ਨ ਹੋਗ ॥
ਚਉਰਾਸੀ ਜਾਮੇ ਪਹਿਰਕੇ ਪਾਛੇਹੋਯਾ ਅਲੋਪ ॥
ਸੱਤਰ ਜਾਮੇ ਭਗਤ ਜਨ ਚਉਦਹ ਸਤਗੁਰੂ ਹਾਇ ॥
ਗੁਰਮੁਖ ਹੋਇ ਸੋ ਮਿਲ ਰਹੇ ਮਨਮੁਖ ਮਿਲਹਿ ਸਜ਼ਾਇ ॥
ਭਰ ਬੇੜੇ ਲੈ ਜਾਂਹਿਗੇ ਸੰਤ ਜਨਾਂ ਕੇ ਪੂਰ ॥
ਬੇਮੁਖ ਤੁੱਟੇ ਤੁਟ ਮੂਏ ਮਨਮੁਖ ਨ ਭਏ ਕਬੂਲ ॥
ਗੁਰਮੁਖ ਜਿਨੀ ਜਾਣਿਆਂ ਮਿਟ ਗਏ ਆਵਣ ਜਾਣ॥
ਨਾਨਕ ਜਾਤਾ ਖਸਮ ਜਿਨ ਆਏ ਤੇ ਪਰਵਾਣ ॥੪੯॥

ਤਿਸਕਾ ਪਰਮਾਰਥ ॥ ਜੁਗਾ ਜੁਗੰਤਰ ਗੁਰੂ ਅਟੱਲ ਹੈ ਦੂਸਰਾ ਹੋਰ ਨਾ ਕੋਈ ਹੋਯਾ ਹੈ ਨਾ ਹੋਵੇਗਾ ਅਤੇ ਗੁਰੂ ਚੌਰਾਸੀ ਜਾਮੇ ਪਹਿਰੇਗਾ ਜਿਸ ਵਿਚ ਸੱਤਰ ਜਾਮੇ ਭਗਤ ਹੋਵਨਗੇ ਅਤੇ ਚਉਦਾਂ ਜਾਮੇ ਗੁਰੂ ਹੋਵਨਗੇ ਅਤੇ ਜੋ ਕੋਈ ਗੁਰੂ ਕਉ ਮਿਲ ਕਰ ਲੜ ਪਕੜੇਗਾ ਸੋਈ ਉਧਰੇਗਾ ਅਤੇ ਜੋ ਗੁਰੂ ਕੇ ਸ਼ਬਦ ਪਰ ਪਰਤੀਤ ਰੱਖੇਗਾ ਸੋ ਬਿਨਾ ਕਮਾਈ ਤਰ ਜਾਵੇਗਾ ਨਾਲੇ ਕੁਟੰਬ ਵੀ ਉਧਰ ਜਾਵੇਗਾ ਤੇ ਜੋ ਬੇਮੁਖ ਹੋਵੇਗਾ ਸੋ ਤੁਟੇਗਾ ਤੇ ਸਜ਼ਾਇ ਭੀ ਪਾਵੇਗਾ ਔਰ ਪਰਲੋਕ ਵੀ ਜਾਂਦਾ ਰਹੇਗਾ ਫੇਰ ਮੁੜ ਭੌਣ ਘੜੀਅਨਗੇ ਜੋ ਖ਼ਸਮ ਕਉ ਪਛਾਨਨਗੇ ਸੋ ਆਵਾਗਉਣ ਤੇ ਰਹਿ ਜਾਵਣਗੇ ਬੱਚਾ ਅਜਿੱਤਿਆ ਜੋ ਗੁਰੂ ਕੇ ਲੜ ਲੱਗਾ ਸੋ ਮੁਕਤ ਹੋਵੇਗਾ ਤਾਂ ਅਜਿੱਤੇ ਰੰਧਾਵੇ ਅਰਦਾਸ ਕੀਤੀ ਹੇ ਸਤਗੁਰ ਜੀ ਤੇਰਾ ਬਚਨ ਹੋਯਾ ਹੈ ਜੋ ਇਸ ਮਹਿਲ ਕਾ ਦਰਸ਼ਨ ਕਰੇਗਾ ਸੋ ਮੁਕਤ ਪਾਵੇਗਾ ਅਤੇ ਜੋ ਸੰਸਾਰ ਪਿਛੇ ਰਹੇਗਾ ਤਿਨਾਂ ਕਿਉਂਕਰ ਗੋਵੇਗੀ ਤਾਂ ਬਚਨ ਹੋਯਾ ਭਾਈ ਸੁਣ ॥

ਸ਼ਲੋਕ

ਰਾਮ ਰਹੀਮ ਨ ਜਾਣਸੀ ਨਾ ਕੋ ਕਹੇ ਕਲਾਮ ॥
ਨਾ ਗਾਇਤ੍ਰੀ ਨਾ ਤਰਪਣੋ ਨਾ ਫਾਇਤਾ ਨਾ ਦਰੂਦ ॥
ਨਾ ਤੀਰਥ ਨਾ ਦੇਹਰਾ ਨਾ ਦੇਵੀ ਕੀ ਪੂਜ ॥
ਗੁਰਮੁਖ ਕੋਇ ਨ ਜਾਨਸੀ ਨਾ ਕੋ ਲੈ ਉਪਦੇਸ਼ ॥
ਇਕੋ ਵਰਤਨ ਵਰਤੀਐ ਨਾ ਕੋ ਕਰੇ ਅਦੇਸ ॥
ਬੇਦ ਕਤੇਬ ਨ ਮਾਣ ਸੁਨ ਨਾ ਦੁਵਾਰਾ ਨ ਮਸੀਤ ॥
ਰੋਜ਼ਾ ਬਾਂਗ ਨ ਵਰਤ ਨੇਮ ਨਾ ਕੋ ਕੱਢੇ ਹਦੀਸ ॥
ਕੋਇ ਨ ਕਿਸਕੀ ਜਾਣਸੀ ਨਾਕੋ ਕਰੇ ਸਲਾਮ ॥
ਨਾਨਕ ਸ਼ਬਦ ਵਰੱਤਦਾ ਇਸ ਕੋ ਨੀ ਮੱਧੀ ਜਾਣ ॥੪੯॥

ਤਿਸਕਾ ਪਰਮਾਰਥ ॥ ਭਾਈ ਅਜਿੱਤਿਆ ਜਦੋਂ ਗੁਰੂ ਇਸ ਧਰਤੀ ਉੱਪਰੋਂ ਅਦਿਸ਼ਟ ਹੋ ਜਾਵਨਗੇ ਤਾਂ ਪਿੱਛੇ ਸੰਸਾਰ ਵਿਚ ਐਸੀ ਵਰਤ ਜਾਵੇਗੀ ਜੋ ਕੋਈ ਕਿਸੇ ਨੂੰ ਜਾਣੇਗਾ ਨਾਹੀਂ ਅਤੇ ਧੁੰਧੂਕਾਰ ਵਰਤ ਜਾਸੀ ਅਵੇਹੇ ਮਨਮੁਖ ਹੋਨਗੇ ਜੋ ਕੋਈ ਨਾ ਹਿੰਦੂ ਰਹੇਗਾ ਨਾ ਮੁਸਲਮਾਨ ਰਹੇਗਾ ਨਾ ਰਾਮ ਕੋ ਮੰਨਣਗੇ ਨਾ ਰਹੀਮ ਕੋ ਮੰਨਣਗੇ ਨਾ ਗਾਇਤ੍ਰੀ ਤਰਪਣ ਇਸ਼ਨਾਨ ਨਾ ਧਰਮ ਨ ਨੇਮ ਨਾ ਤੀਰਥ ਨ ਪੂਜਾ ਨਾ ਦੇਵੀ ਨਾ ਦੇਹੁਰਾ ਨਾ ਧਰਮਸਾਲ ਨਾ ਮਸੀਤ ਨਾ ਬਾਂਗ ਨ ਨਿਮਾਜ਼ ਨਾ ਫਾਇਤਾ ਨਾਂ ਦੁਆਇ ਨਾ ਸਲਾਮ ਨ ਕੋ ਕਿਸੇ ਧਿਆਇਸੀ ਨਾ ਦੇਵੀ ਕੀ ਪੂਜਾ ਸੰਸਾਰ ਕਰੇਗਾ ਸਭ ਇਕ ਵਰਨ ਹੋਇ ਜਾਵਨਗੇ ਅਤੇ ਸ਼ਬਦ ਗੁਰੂ ਕਾ ਕਿਥਾਊਂ ਵਿਰਲਾ ਹੀ ਹੋਵੇਗਾ ਤਿਸ ਸਮੇਂ ਜੋ ਕੋਈ ਕਿੜੇ ਜਾਇ ਪਰਮੇਸ਼ਰ ਕਾ ਨਾਮ ਲੈਵੇਗਾ ਤਿਸਕੋ ਮਾਰਨਗੇ ਐਸਾ ਵਰਤਾਰਾ ਵਰਤ ਜਾਵੇਗਾ ਦੁਹਾਂ ਧਿਰਾਂ ਦਾ ਨਾਸ ਹੋਇ ਜਾਵੇਗਾ ਤਾਂ ਉਸ ਸਮੇ ਇਕ ਭਗਤ ਪੈਦਾ ਹੋਇ ਜਾਵੇਗਾ ਸੋਇ ਨੀਲ ਬਸਤਰ ਪਹਿਰੇਗ ਅਤੇ ਐਤ੍ਰੋਂ ਸ਼ਬਦ ਪੋਥੀਆਂ ਉਚਾਰੇਗਾ ਤਾਂ ਉਸਦੇ ਵਾਸਤੇ ਪਰਮੇਸ਼ਰ ਆਪ ਉਤਾਰੀ ਹੋਇ ਕਫ਼ ਸਹਾਇਤਾ ਕਰੇਗਾ ਅਤੇ ਸ਼ਬਦ ਅਲਪ ਰਹਿ ਜਾਵੇਗਾ ਕੋਈ ਵਿਰਲਾ ਹੀ ਜਾਣੇਗਾ ਤੇ ਉਸ ਪਾਸ ਕੋਈ ਵਿਰਲਾ ਹੀ ਜਾਵੇਗਾ ਤਾਂ ਅਜਿੱਤੇ ਰੰਧਾਵੇ ਅਰਦਾਸ ਕੀਤੀ ਸੱਚੇ ਪਾਤਸ਼ਾਹ ਜੀ ਓਹ ਕੌਣ ਭਗਤ ਹੋਵੇਗਾ ਜੀ ਤਾਂ ਬਚਨ ਹੋਯਾ ਹੇ ਭਾਈ ਅਜਿੱਤਿਆ ਤੂੰ ਸੁਣ ॥

ਸ਼ਲੋਕ

ਨਿਹ ਕਲੰਕ ਹੋਇ ਉਤਰਸੀ ਮਹਾਂ ਬਲੀ ਅਉਤਾਰ ॥
ਸੰਤ ਰੱਛਿਆ ਜੁਗ ਜੁਗ ਕਰੇ ਦੁਸ਼ਟਾਂ ਕਰੇ ਸੰਘਾਰ ॥
ਨਵਾਂ ਧਰਮ ਚਲਾਇਸੀ ਜਗ ਹੋਮ ਹੋਵਹਿ ਵਾਰ ॥
ਨਾਨਕ ਕਲਜੁਗ ਤਾਰਸੀ ਕੀਰਤਨ ਨਾਮ ਅਧਾਰ ॥ ੫੦॥

ਤਿਸਕਾ ਪਰਮਾਰਥ ॥ ਭਾਈ ਅਜਿੱਤਿਆ

ਕਲਜੁਗ ਮੇਂ ਸੰਸਾਰਵਿਚ ਆਯਾ ਹੈ ਸੋ ਪਰਉਪਕਾਰ ਵਾਸਤੇ ਅਤੇ ਜਾਂ ਗੁਰੂ ਜਾਮਾ ਪਹਿਰਸੀ ਤਾਂ ਧੰਧੂਕਾਰ ਵਰਤ ਜਾਵੇਗਾ ਜਿੱਥੇ ਕੁਛ ਪੂਜਾ ਚਰਚਾ ਸੁਣਨਗੇ ਤਿੱਥੇ ਚੜ੍ਹ ਕਰ ਮਾਰਨਗੇ ਤੁਰਕਾਂ ਦਾ ਤੇਜ ਹੋਵਸੀ ਤਾਂ ਓਸ ਸਮੈ ਇਕ ਸੰਤ ਪਰਮੇਸ਼ਰ ਕੀ ਪੂਜਾ ਕਰੇਗਾ ਤੇ ਓਸਦੇ ਘਰ ਇਕ ਇਸਤ੍ਰੀ ਬਹੁਤ ਚੰਦ੍ਰੀ ਹੋਵੇਗੀ ਓਹ ਨਾਰ ਜਾਇ ਲੋਕਾਂ ਅੱਗੇ ਚੁਗ਼ਲੀ ਕਰੇਗੀਤਿਤ ਕਰਕੇ ਸੰਤ ਕੋ ਦੈਤ ਦੁਖ ਦੇਵਨਗੇ ਤਾਂ ਓਸ ਸੰਤ ਵਾਸਤੇ ਗੁਰੂ ਜਾਮਾ ਪਹਿਰਸੀ ਜਹਾਂ ਤੀਕਰ ਓਸ ਸੰਤ ਦਾ ਦੋਖੀ ਦੁਸ਼ਟ ਹੋਵੇਗਾ ਸੋ ਓਨਾਂ ਨੂੰ ਚੁਣ ਚੁਣਕਰਮਾਰੇਗਾਫੇਰਨਵੇਂ ਧਰਮ ਚਲਾਵੇਗਾ ਅਤੇ ਜੱਗ ਹੋਮ ਸ਼ਬਦ ਸਾਖੀ ਕੀਰਤਨ ਹੋਵਨਗੇ ਦੂਤੀਦੁਸ਼ਟ ਕਉ ਸੰਘਾਰੇਗਾ ਅਤੇ ਚਉਰਾਸੀ ਜਾਮੇ ਕਲਜੁਗ ਮੇਂ ਸੰਪੂਰਨ ਕਰੇਗਾ ਕਲਜੁਗ ਕੀ ਮਿਤ ਪੂਰਨ ਹੋਇਗੀ ਤਾਂ ਅਜਿੱਤੇ ਰੰਧਾਵੇ ਅਰਦਾਸ ਕੀਤੀ ਹੇ ਸੱਚੇ ਪਾਤਸ਼ਾਹ ਜੀ ਮੈਨੂੰ ਬਖ਼ਸ਼ਲਵੋ ਜੀਮੈਂ ਆਪਦੇ ਸਨਮੁਖ ਬਹੁਤ ਬਚਨ ਕੀਤੇ ਹੈਨ ਤਾਂ ਬਚਨ ਹੋਯਾ ਭਾਈ ਏਹ ਗੱਲਾਂ ਨਾਹੀਂ ਏਹ ਤਾਂ ਗੁਰੂ ਮੰਤ੍ਰ ਹੈਨ ਜੋ ਕੋਈ ਏਸਨੂੰ ਮਨ ਕਰਕੇ ਪੜ੍ਹੇਗਾ ਅਥਵਾ ਦਿਲ ਕਰਕੇ ਸੁਣੇਗਾ ਸੋ ਤਿਸਕਾ ਤਤਕਾਲ ਹੀ ਉਧਾਰ ਹੋਵੇਗਾ ॥ ਸ਼ਲੋਕ ॥ ਅਮਰ ਬਚਨ ਗੁਰਦੇਵ ਦੇ ਜਿਹ

ਜਨ ਰਿਦੇ ਬਸਾਹਿ ॥ ਮੁਕਤਿ ਜੁਗਤਿ ਅਰ ਮਾਲ ਧਨ ਜੁਗੋ ਜੁਗੰਤਰ ਖਾਹਿ ॥
ਸ਼ਬਦ ਅਖਰ ਜਿਸ ਮਨ ਵਸੈ ਛਿਨ ਮਾਹਿ ਹੋਇ ਉਧਾਰ ॥ ਧੰਨ ਪਰਮਾਰਥ ਨਾਨਕਾ
ਜਿਸ ਲਗ ਤਰੈ ਸੰਸਾਰ ॥ ੫੧ ॥ ਤਿਸਕਾ ਪਰਮਾਰਥ ॥ ਭਾਈ ਅਜਿੱਤਿਆ

ਜੋ ਕੋਈ ਸ਼ਬਦ ਕਉ ਖੋਜੈਗਾ ਤੇ ਮਨ ਵਿਖੇ ਵਸਾਵੇਗਾ ਤਾਂ ਓਸਦਾ ਤਤਕਾਲ ਹੀ ਉਧਾਰ ਹੋਇ ਜਾਵੇਗਾ ਭਾਂਵੇਂ ਖੱਤ੍ਰੀ ਵਾ ਬ੍ਰਹਮਣ ਵੈਸ਼ ਸੂਦਰ ਚੰਡਾਲ ਹੋਵੇ ਜੋ ਗੁਰੂ ਕੇ ਸ਼ਬਦ ਨੋ ਖੋਜੇਗਾ ਤਿਸਕਾ ਉਧਾਰ ਹੋਵੇਗਾ ਅਤੇ ਬੱਚਾ ਓਹ ਪਰਮਾਰਥ ਵੀ ਧੰਨ ਹੈ ਜਿਸ ਕਰਕੇ ਸੰਸਾਰ ਤਰੇਗਾ ਏਹ ਹਰਿ ਧਨ ਜੁਗਾ ਜੁਗੰਤਰ ਨਿਖੁਟੇਗਾ ਨਾਹੀਂ ਹਰਿ ਨਾਮ ਰੂਪੀ ਜੋ ਧਨ ਹੈ ਸੋ ਅਖੁੱਟ ਭੰਡਾਰ ਹੈ ॥ ਬੋਲੋ ਭਾਈ ਜੀ ਵਾਹਿ ਗੁਰੂ ॥ ਸ਼ਲੋਕ

ਗੋਸ਼ਟ ਸਤਿਗੁਰੂ ਨਾਨਕ ਨਿਰੰਕਾਰ ਜੀ ਨਾਲ ॥ ਅਜਿੱਤੇ ਰੰਧਾਵੇ ਕੀਆ ਉਚਾਰ ॥ ਜੋ ਸਿੱਖ ਪੜ੍ਹੇ ਪ੍ਰੀਤਿ ਕਰ ਸੋਈ ਉਤਰੈ ਪਾਰ ॥ ਦੋਹਰਾ ॥ ਜਨਮ ਮਰਨ ਤਾਕਾ ਮਿਟੈ ਪੰ: ਜੋ ਪ੍ਰੀਤ ਲਗਾਇ ॥ ਜੀਵਨ ਤਿਸਕਾ ਸਫਲ ਹੈ ਨਾਨਕ ਨਾਮ ਧਿਆਇ ॥ ਨਾਨਕ ਮੂਹਿ ਨਾਮ ਕੀ ਜਪਿਆਂ ਸਭ ਦੁਖ ਦੂਰ ॥ ਨਾਨਕ ਤਿਸ ਬਲਿਹਾਰਣੇ ਜੋ ਰਹਿੰਦੇ ਸਦਾ ਹਜ਼ੂਰ

ਗੋਸਟ ਅਜਿੱਤੇ ਰੰਧਾਵੇ ਕੀ ਸੰਪੂਰਣੰ ਸ਼ੁਭ ਮਸਤੁ ॥